ਨੰ/1/13/●3-2ਵਿ.ਸ.ਭ. 2/21●

ਪੰਜਾਬ ਸਰਕਾਰ
ਭਲਾਈ ਵਿਭਾਗ
(ਵਿਸ਼ੇਸ਼ ਸੈਲ ਭਲਾਈ-2)

ਸੇਵਾ ਵਿਖੇ,

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ ।
2) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।
3) ਮੰਡਲਾਂ ਦੇ ਕਮਿਸ਼ਨਰਜ਼।
4) ਜ਼ਿਲ੍ਹਾ ਤੇ ਸੈਸ਼ਨ ਜੱਜ/ਡਿਪਟੀ ਕਮਿਸ਼ਨਰਜ ਅਤੇ ਉਪ ਮੰਡਲ ਅਫਸਰ (ਸਿਵਲ) ।

ਮਿਤੀ, ਚੰਡੀਗੜ੍ਹ 1●-●6-2●●5

ਵਿਸ਼ਾ: ਰੋਸਟਰ ਰਜਿਸਟਰਾਂ ਨੂੰ ਚੈਕ ਕਰਨ/ਤਿਆਰ ਕਰਨ ਲਈ ਮਾਡਰਨ ਟੈਕਨਾਲੌਜੀ ਦੇ ਤਰੀਕੇ ਅਪਨਾਉਣ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਭਲਾਈ ਵਿਭਾਗ ਵੱਲੋਂ ਰਾਜ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਸਰਕਾਰੀ ਸੇਵਾਵਾਂ ਵਿੱਚ ਰਿਜਰਵੇਸ਼ਨ ਦਿੱਤੇ ਜਾਣ ਦਾ ਹਿਸਾਬ-ਕਿਤਾਬ ਰੱਖਣ ਲਈ ਹਰ ਵਿਭਾਗ ਵਿੱਚ, ਹਰ ਕੈਟਾਗਰੀ/ਕਾਡਰ ਲਈ ਵੱਖਰੇ ਵੱਖਰੇ ਰੋਸਟਰ ਰਜਿਸਟਰ ਨਿਸ਼ਚਿਤ ਪ੍ਰੋਫਾਰਮੇ ਵਿੱਚ ਤਿਆਰ ਕੀਤੇ ਜਾਂਦੇ ਹਨ। ਭਲਾਈ ਵਿਭਾਗ ਦੀ ਰੋਸਟਰ ਚੈਕਿੰਗ ਪਾਰਟੀਆਂ ਵਲੋਂ ਸਮੇਂ-ਸਮੇਂ ਸਿਰ ਇਹਨਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਇੰਸਪੈਕਸ਼ਨ ਰਿਪੋਰਟ ਦੀ ਕਾਪੀ ਸਬੰਧਤ ਅਤੇ ਵਿਧਾਨ ਸਭਾ ਨੂੰ ਭੇਜੀ ਜਾਂਦੀ ਹੈ। ਭਲਾਈ ਵਿਭਾਗ ਦੀਆਂ ਰੋਸਟਰ ਚੈਕਿੰਗ ਪਾਰਟੀਆਂ ਵਲੋਂ ਚੈਕਿੰਗ ਕਰਨ ਸਮੇਂ ਧਿਆਨ ਵਿੱਚ ਆਉਂਦਾ ਹੈ ਕਿ ਉਹਨਾਂ ਨੂੰ ਚੈਕਿੰਗ ਦੌਰਾਨ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਰਕੇ ਰੋਸਟਰ ਚੈਕਿੰਗ ਪਾਰਟੀ ਨੂੰ ਇੰਸ਼ਪੈਕਸ਼ਨ ਰਿਪੋਰਟ ਪੇਸ਼ ਕਰਨ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ। ਕਿਉਂ ਜੋ ਚੈਕਿੰਗ ਪਾਰਟੀ ਦੀ ਜਾਣਕਾਰੀ ਲਈ ਲੋੜੀਂਦੀ ਸੂਚਨਾ ਉਪਲੱਬਧ ਨਹੀ ਕਰਵਾਈ ਜਾਂਦੀ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਭਲਾਈ ਵਿਭਾਗ ਨੂੰ ਵੀ ਇਸ ਖੇਤਰ ਵਿੱਚ ਵਿਸ਼ੇ ਵਿੱਚ ਦਰਸਾਏ ਤਰੀਕੇ ਨੂੰ ਲੀਡ ਕਰਨਾ ਚਾਹੀਦਾ ਹੈ। ਰੋਸਟਰ ਰਜਿਸਟਰਾਂ ਦੀ ਹਰ ਵੇਲੇ ਮੌਜੂਦਗੀ ਬਣਾਉਣ ਲਈ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਮਲੇ ਨਾਲ ਸਬੰਧਤ ਸਾਰੇ ਰੋਸਟਰ ਰਜਿਸਟਰ ਕੰਪਿਊਟਰ ਵੈਬ-ਸਾਇਟ ਤੇ ਲਿਆਂਦੇ ਜਾਣ ਅਤੇ ਉਹਨਾਂ ਨੂੰ ਸਮੇਂ-ਸਮੇਂ ਸਿਰ ਅੱਪ ਡੇਟ ਕਰਨ ਦਾ ਵੀ ਪ੍ਰਬੰਧ ਕਰਨ ਉਪਰੰਤ ਉਹਨਾਂ ਦੀ ਸੀ.ਡੀ. ਭਲਾਈ ਵਿਭਾਗ ਪਾਸ ਜਮ੍ਹਾਂ ਕਰਵਾਈ ਜਾਵੇ। ਅਜਿਹਾ ਕਰਨ ਨਾਲ ਰੋਸਟਰ ਰਜਿਸਟਰ ਹਰ ਸਮੇਂ ਹਰ ਵਿਭਾਗ ਦੇ ਉਪਲੱਬਧ ਹੋਣਗੇ ਅਤੇ ਰੋਸਟਰ ਚੈਕਿੰਗ ਪਾਰਟੀ ਨੂੰ ਭਵਿੱਖ ਵਿੱਚ ਸੁਚੱਜੇ ਢੰਗ ਨਾਲ ਚੈਕਿੰਗ ਕਰਨ ਵਿੱਚ ਕੋਈ ਔਕੜ ਪੇਸ਼ ਨਹੀ ਆਵੇਗੀ। ਇਸ ਲਈ ਰੋਸਟਰ ਰਜਿਸਟਰ ਮੇਨਟੇਨ ਕਰਨ ਵਿੱਚ ਵੀ ਪਾਰਦਰਸ਼ਤਾ ਆਵੇਗੀ ਅਤੇ ਰਾਖਵਾਂਕਰਨ ਨਾਲ ਸਬੰਧਤ ਕਰਮਚਾਰੀ/ ਅਧਿਕਾਰੀਆਂ ਦੀਆਂ ਸੇਵਾ ਮਾਮਲਿਆਂ ਸਬੰਧੀ ਕਈ ਸਮੱਸਿਆਵਾਂ ਆਪਣੇ ਆਪ ਹੀ ਹੱਲ ਹੋ ਜਾਣਗੀਆਂ।

2 ਵੱਖ-ਵੱਖ ਵਿਭਾਗਾਂ ਵੱਲੋਂ ਡੀ.ਪੀ.ਸੀ. ਦੀਆਂ ਮੀਟਿੰਗਾਂ ਕਰਾਉਣ ਸਮੇਂ ਵੀ ਕੰਪਿਊਟਰ ਤੇ ਫੀਡ ਹੋਏ ਇਹ ਰੋਸਟਰ ਰਜਿਸਟਰ ਰਾਖਵਾਂਕਰਨ ਦੀ ਸਮੱਸਿਆ ਨੂੰ ਪੂਰਾ ਕਰਨ ਲਈ ਬਹੁਤ ਲਾਹੇਵੰਦ ਹੋਣਗੇ। ਇਹਨਾਂ ਰਜਿਸਟਰਾਂ ਦੀ ਰੈਗੂਲਰ ਮੋਨੀਟਰਿੰਗ ਕਰਦੇ ਹੋਏ ਜਿੱਥੇ ਬੈਕਲਾਗ ਪਾਇਆ ਜਾਵੇਗਾ, ਉਹ ਪੂਰਾ ਕਰਨ ਵਿੱਚ ਪੈਰਵੀ ਕਰਨ ਵਿੱਚ ਆਸਾਨੀ ਹੋਵੇਗੀ।

3 ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਤਜਵੀਜ਼ ਨੂੰ ਅਮਲੀ ਰੂਪ ਵਿੱਚ ਤੁਰੰਤ ਲਾਗੂ ਕਰਕੇ, ਭਲਾਈ ਵਿਭਾਗ ਨੂੰ ਰਿਪੋਰਟ ਕੀਤੀ ਜਾਵੇ ਅਤੇ ਮੁਕੰਮਲ ਵੇਰਵੇ ਸਹਿਤ ਸੀ.ਡੀ. ਵੀ ਬਣਾ ਕੇ ਜਮ੍ਹਾਂ ਕਰਾਈ ਜਾਵੇ, ਤਾਂ ਜੋ ਮਾਡਰਨ ਸੂਚਨਾ ਪ੍ਰਣਾਲੀ / ਕਾਰਜਵਿਧੀ ਅਪਣਾਉਂਦੇ ਹੋਏ ਰੋਸਟਰ ਚੈਕਿੰਗ ਵਿੱਚ ਆ ਰਹੀਆਂ ਔਕੜਾਂ ਨੂੰ ਸਦਾ ਲਈ ਸਮਾਪਤ ਕੀਤਾ ਜਾ ਸਕੇ। ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਵਿਸ਼ਵਾਸਪਾਤਰ,

(ਆਰ.ਐਲ.ਕਲਸੀਆ)
ਸਕੱਤਰ, ਪੰਜਾਬ ਸਰਕਾਰ,
ਭਲਾਈ ਵਿਭਾਗ।

---

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਹੈ ਕਿ ਉਹ ਆਪਣੇ ਅਧੀਨ ਵਿਭਾਗਾਂ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਉਕਤ ਪ੍ਰਣਾਲੀ ਅਸਲ ਵਿੱਚ ਲਾਗੂ ਕਰਵਾਉਂਦੇ ਹੋਏ ਪਾਲਣਾ ਰਿਪੋਰਟ ਭਲਾਈ ਵਿਭਾਗ ਨੂੰ ਭਿਜਵਾਉਣ ਦੀ ਕਿਰਪਾਲਤਾ ਕਰਨ।

ਉਪ ਸਕੱਤਰ

ਸੇਵਾ ਵਿਖੇ

1) ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ।
2) ਰਾਜ ਦੇ ਸਮੂਹ ਵਿਭਾਗਾਂ ਦੇ ਪ੍ਰਬੰਧਕੀ ਮੁੱਖੀ।

ਅੰ: ਵਿ: ਪੱ: ਨੰ: 1/13/03-2 ਵਿ.ਸ.ਭ.2/211 ਮਿਤੀ: 10-06-2005
ਪਿ: ਅੰ: ਨੰ: 1/13/03-2 ਵਿ.ਸ.ਭ. 2/212 ਮਿਤੀ: 10-06-2005

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਕੱਤਰ, ਪੰਜਾਬ ਵਿਧਾਨ ਸਭਾ (ਭਲਾਈ ਕਮੇਟੀ ਸ਼ਾਖਾ)।
2) ਮੈਂਬਰ ਸਕੱਤਰ, ਪੰਜਾਬ ਸਟੇਟ ਅਨੁਸੂਚਿਤ ਜਾਤੀ ਕਮਿਸ਼ਨ।
3) ਡਾਇਰੈਕਟਰ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ।

ਉਪ ਸਕੱਤਰ